**Principal,**
Guru Ramdass International Public School,
Vill. Malpur,P.O. Mehrampur.
ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ।

ਨੰਬਰ: 207 ਮਿਤੀ: 12-06-2019

ਵਿਸਾ: Guru Ramdass International Public School, Vill. Malpur,P.O. Mehrampur.ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ ।

ਹਵਾਲਾ:- ਆਪ ਦਾ ਹਵਾਲਾ ਪੱਤਰ:1253 ਮਿਤੀ:17.04.2019.

ਉਪਰੋਕਤ ਵਿਸ਼ੇ ਸਬੰਧੀ ਆਪ ਦੇ ਸਕੂਲ ਦੀ ਬਿਲਡਿੰਗ ਦਾ ਨਿਰੀਖਣ ਇਸ ਦਫਤਰ ਦੇ ਸਹਾਇਕ ਇੰਜੀਨੀਅਰ ਵੱਲੋ ਕੀਤਾ ਗਿਆ ਅਤੇ ਉਨ੍ਹਾਂ ਵੱਲੋ ਰਿਪੋਰਟ ਕੀਤੀ ਹੈ, ਅਤੇ ਸਕੂਲ ਵੱਲੋ ਲਾਏ ਗਏ ਦਸਤਾਵੇਜਾ ਅਨੁਸਾਰ ਇਸ ਸਕੂਲ ਦੀ ਉਸਾਰੀ ਸਾਲ 2011 ਦੋਰਾਨ ਹੋਈ ਹੈ, ਅਤੇ ਉਪਰੋਕਤ ਸਕੂਲ ਦੀ ਬਿਲਡਿੰਗ ਸੇਫ ਪਾਈ ਗਈ।ਇਸ ਲਈ ਇਸ ਸਕੂਲ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਸਾਲ 01.04.2019 ਤੋ 31.03.2029 ਤੱਕ ਹੇਠ ਲਿਖੀਆ ਸ਼ਰਤਾ ਤੇ ਜਾਰੀ ਕੀਤਾ ਜਾਂਦਾ ਹੈ:-

1. ਇਸ ਸਕੂਲ ਦੀ ਬਿਲਡਿੰਗ ਦੀ ਰਿਪੇਅਰ ਹਰ ਸਾਲ ਕਰਵਾਈ ਜਾਵੇ।
2. ਇਸ ਸਕੂਲ ਦੀ ਬਿਲਡਿੰਗ ਦੀਆਂ ਛੱਤਾ ਉੱਤੇ ਅਤੇ ਆਲੇ ਦੁਆਲੇ ਪਾਣੀ ਖੜ੍ਹਾਂ ਨਾਂ ਹੋਣ ਦਿੱਤਾ ਜਾਵੇ।
3. ਜੇਕਰ ਬਿਲਡਿੰਗ ਦੀ ਕਿਸੇ ਜਗ੍ਹਾਂ ਤੇ ਤਰੇੜ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਤੁੰਰਤ ਖਾਲੀ ਕਰਵਾ ਦਿੱਤਾ ਜਾਵੇ ਅਤੇ ਇਸ ਵਿਭਾਗ ਤੋ ਇਸਪੈਕਸ਼ਨ ਤੁਰੰਤ ਕਰਵਾਈ ਜਾਵੇ ਅਤੇ ਜਲਦੀ ਹੀ ਜਿਸ ਜਗ੍ਹਾਂ ਤੇ ਕਰੈਕ ਆਉਦੇ ਹਨ ਤਾਂ ਉਸ ਜਗ੍ਹਾਂ ਦੀ ਰਿਪੇਅਰ ਕਰਵਾਈ ਜਾਵੇ।
4. ਬਿਲਡਿੰਗ ਦੀ ਹਰ ਪੱਖੋ ਸੇਫਟੀ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾਂ/ਸਕੂਲ ਦੀ ਹੋਵੇਗੀ। ਅੱਗ ਬਝਾਊ ਯੰਤਰ ਚਾਲੂ ਹਾਲ ਵਿੱਚ ਹੋਣੇ ਚਾਹੀਦੇ ਹਨ ਅਤੇ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਸਬੰਧਤ ਦਫਤਰ ਤੋ ਲੈਣ ਦੀ ਜਿਮੇਵਾਰੀ ਆਪ ਦੇ ਸਕੂਲ/ਸੰਸਥਾ ਦੀ ਹੋਵੇਗੀ।
5. ਇਸ ਸਕੂਲ ਦੀ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਕਰਨਾਂ ਹੋਵੇ ਤਾਂ ਇਸ ਨੂੰ ਕੰਪੀਟੈਂਟ ਅਥਾਰਟੀ ਤੋ ਪਹਿਲਾਂ ਪਾਸ ਕਰਵਾਇਆ ਜਾਵੇ।
6. ਇੱਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਇਸ ਸਕੂਲ ਦਾ ਸਰਟੀਫਿਕੇਟ 2029 ਤੱਕ ਜਾਰੀ ਕੀਤਾ ਜਾਂਦਾ ਹੈ, ਪਰ ਇਸ ਸਕੂਲ ਬਿਲਡਿੰਗ ਦੀ ਹਰ ਸਾਲ ਇਸ ਵਿਭਾਗ ਤੋ ਇਸਪੈਕਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਉਪਰੋਕਤ ਬਿਲਡਿੰਗ ਸੇਫਟੀ ਸਰਟੀਫਿਕੇਟ ਨੂੰ ਹਰ ਸਾਲ ਰੀਨਿਊ ਕਰਵਾਉਣਾ ਯਕੀਨੀ ਬਣਾਂਇਆ ਜਾਵੇ।

ਨੱਥੀ/ ਨਿਲ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ,
ਨਵਾਂਸ਼ਹਿਰ ।

ਪਿੰ:ਅੰ:ਨੰ: ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ ਸ਼ਹੀਦ ਭਗਤ ਸਿੰਘ ਨਗਰ ਨੂੰ ਆਪ ਜੀ ਦੇ ਦਫਤਰ ਦਾ ਪਿੰ:ਅੰ:ਨੰ: 2248-49 ਮਿਤੀ: 02.08.2017 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।ਇਸ ਸਕੂਲ ਦਾ ਕਵਡ ਏਰੀਆ 72100Sft ਹੈ,ਅਤੇ ਇਸ ਦੀ ਬਣਦੀ ਫੀਸ ਬਾਬਤ ਰੁ:1,50,000/- ਜਮ੍ਹਾਂ ਕਰਵਾ ਦਿੱਤੇ ਹਨ।

ਨੱਥੀ/ ਨਿਲ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ,
ਨਵਾਂਸ਼ਹਿਰ